ੴ ਸਤਿਗੁਰ ਪ੍ਰਸਾਦਿ

ਗੁਰੂ ਨਾਨਕ ਦੇਵ ਮਿਸ਼ਨ ਸੀਰੀਜ਼ 396

# 'ਏਕਲੜੀ ਬਨ ਮਾਹਿ'

ਗੁਰੂ ਨਾਨਕ ਦੇਵ ਮਿਸ਼ਨ ਪਟਿਆਲਾ

ਡਾਕ ਘਰ ਸਨੌਰ ਪਟਿਆਲਾ।

ਪੰਜਾਬ ਇੰਡੀਆ

ਭੇਖ ਇਕ ਰੁਪੈਆ

Sri Satguru Jagjit Singh Ji eLibrary NamdhariElibrary@gmail.com

www.archive.org/details/namdhari

# ਏਕਲੜੀ ਬਨ ਮਾਹਿ

ਸੁਣਿ ਨਾਹ ਪ੍ਰਭੂ ਜੀਉ ਏਕਲੜੀ ਬਨ ਮਾਹੇ
ਕਿਉ ਧੀਰੈਗੀ ਨਾਹ ਬਿਨਾ ਪ੍ਰਭ ਵੇਪਰਵਾਹੇ

ਧਨ ਨਾਹ ਬਾਝਹੁ ਰਹਿ ਨ ਸਾਕੈ ਬਿਖਮ ਰੈਣਿ ਘਣੇਰੀਆ
ਨਹਿ ਨੀਂਦ ਆਵੈ ਪ੍ਰੇਮੁ ਭਾਵੈ ਸੁਣਿ ਬੇਨੰਤੀ ਮੇਰੀਆ
ਬਾਝਹੁ ਪਿਆਰੇ ਕੋਇ ਨ ਸਾਰੇ ਏਕਲੜੀ ਕੁਰਲਾਏ 243

ਸਾਡੀ ਭਾਸ਼ਾ ਵਿਚ ਇਸਤਰੀ ਲਈ 'ਅਬਲਾ ਸ਼ਬਦ' ਵਰਤਿਆ ਹੈ। ਅਬਲਾ ਦਾ ਅਰਥ ਹੈ ਬਲਹੀਨ, ਇਸ ਦੇ ਮੁਕਾਬਲੇ ਵਿਚ ਮਨੁਖ ਨੂੰ ਮਰਦ ਕਿਹਾ ਹੈ, ਮਰਦ ਬਲ ਤੇ ਹੌਸਲੇ ਵਾਲੇ ਪੁਰਖ ਲਈ ਵਰਤਿਆ ਜਾਂਦਾ ਹੈ। ਇਹ ਦੋਵੇਂ ਸ਼ਬਦ ਅਬਲਾ ਤੇ ਮਰਦ' ਕਰਤਾਰ ਦੀ ਰਚਾਈ ਰਚਨਾ ਦੇ ਅਨਕੂਲ ਹਨ। ਸਰੀਰ ਕਰਕੇ ਇਸਤਰੀ ਮਨੁਖ ਨਾਲੋਂ ਕਮਜ਼ੋਰ ਹੈ ਭਾਵੇਂ ਦਿਮਾਗੀ ਤੌਰ ਦੋਹਾਂ ਵਿਚੋਂ ਕਿਸੇ ਨੂੰ ਵਿਸ਼ੇਸ਼ਤਾ ਨਹੀਂ ਦਿਤੀ ਜਾ ਸਕਦੀ।

ਇਤਿਹਾਸ ਵਿਚ ਅਜੇਹੀਆਂ ਮਿਸਾਲਾਂ ਵੀ ਮਿਲ ਦੀਆਂ ਹਨ ਜਿਥੇ ਸਰਰਿਕ ਤੌਰ ਵੀ ਇਸਤਰੀ ਨੇ ਮਨੁਖਾ ਜੇਹੀ ਮਰਦਾਨਗੀ ਵਿਖਾਈ, ਜਿਵੇਂ ਸਿਖ ਇਤਹਾਸ ਅੰਦਰ ਮਾਤਾ ਭਾਗੋ। ਪ੍ਰੰਤੂ ਅਜੇਹੀ ਮਿਸਾਲ ਬਹੁਤ ਘਟ, ਲਖਾਂ



Sri Satguru Jagjit Singh Ji eLibrary NamdhariElibrary@gmail.com

ਵਿਚ ਕੋਈ ਹੀ ਹੈ ਭਾਵੇਂ ਦਿਮਾਗੀ ਸੂਝ ਬੂਝ ਤੇ ਜਾਗ੍ਰਤ ਦੀ ਦਸ਼ਾ ਇਸ ਤੋਂ ਬਹੁਤ ਨਿਆਰੀ ਹੈ ਜਿਸ ਸਦਕਾ ਅਬਲਾ ਕਹੀਆਂ ਜਾਂਦੀਆਂ ਇਸਤਰੀਆਂ ਨੇ ਕਿਤਨੇ ਹੀ ਦੇਸ਼ਾਂ ਅੰਦਰ ਹਕੂਮਤ ਦੀ ਵਾਗ ਡੋਰ ਵੀ ਸੰਭਾਲੀ ਹੋਈ ਹੈ ਬਲਕਿ ਅਜਕਲ ਵਿਦਿਆ ਦੇ ਖੇਤਰ ਅੰਦਰ ਆਮ ਕਰਕੇ ਵਿਦਿਆ-ਰਥਨਾਂ ਦਾ ਪੈਰ ਵਿਦਿਆਰਥੀਆਂ ਤੋਂ ਅਗੇ ਹੈ।

ਪਰ ਐਸਾ ਕੁਝ ਹੁੰਦੇ ਹੋਇ ਭੀ ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਸਮੁਚ ਤੌਰ ਇਸਤਰੀ ਨੂੰ ਸਹਾਰੇ ਲਈ ਮਨੁਖ ਵੱਲ ਵੇਖਣਾ ਪੈਂਦਾ ਹੈ। ਪਿਆਰ ਦੀ ਦੁਨੀਆ ਖਾਸ ਕਰ ਵਿਆਹੁਤਾ ਪਤੀ ਪਤਨੀ ਦੇ ਸੰਬੰਧ ਵਿਚ ਜੋ ਪਿਆਰ ਸਿਕ ਤੇ ਤੜਪ ਪਤਨੀ ਦੇ ਹਿਰਦੇ ਹੁੰਦੀ ਹੈ ਉਹ ਪਤੀ ਅੰਦਰ ਨਹੀਂ ਹੁੰਦੀ ਅਤੇ ਦੋਨਾਂ ਦੇ ਵਿਛੋੜੇ ਦਾ ਦੁਖ ਪਤੀ ਨਾਲੋਂ ਪਤਨੀ ਨੂੰ ਬਹੁਤ ਜ਼ਿਆਦਾ ਹੁੰਦਾ ਹੈ। ਪਤੀ ਦੇ ਵੈਰਾਗ ਵਿਚ ਬਿਹਬਲ ਹੋਈ ਇਸਤਰੀ ਕਿਵੇਂ ਵਿਲਕਦੀ ਅਤੇ ਪਤੀ ਦੇ ਮਿਲਾਪ ਲਈ ਆਪਣੀਆਂ ਸਖੀਆਂ ਸਹੇਲੀਆਂ ਦਾ ਕਿਵੇਂ ਤਰਲਾ ਲੈਂਦੀ ਹੈ, ਦਾ ਵੰਨਗੀ ਮਾਤਰ ਜ਼ਿਕਰ ਗੁਰਬਾਣੀ ਅੰਦਰ ਇਉਂ ਆਇਆ ਹੈ।

'ਮੋਹਨ ਨੀਂਦ ਨ ਆਵੈ, ਹਾਵੈ ਹਾਰ ਕਜ਼ਰ ਬਸਤ੍ਰ ਅਭਰਨ ਕੀਨੇ

ਉਡੀਨੀ ਉਡੀਨੀ ਉਡੀਨੀ ਕਬ ਘਰਿ ਆਵੈ ਆਵੈ ਹੀ
ਸਰਨਿ ਸੁਹਾਗਨਿ ਚਰਨ ਸੀਸੁ ਧਰਿ ਲਾਲਨੁ
ਮੋਹਿ ਮਿਲਾਵਹੁ ਕਬ ਘਰ ਆਵੈਗੀ।

ਅਤੇ ਜਦੋਂ ਸੋਹਾਗਨ ਇਸਤਰੀ ਜਿਸ ਨੂੰ ਪਤੀ ਦਾ ਮੇਲ



Sri Satguru Jagjit Singh Ji eLibrary NamdhariElibrary@gmail.com

ਪ੍ਰਾਪਤ ਸੀ, ਨੇ ਮਿਲਣ ਦੀ ਜੁਗਤ ਸਮਝਾਈ ਅਤੇ ਇਸ ਨੇ ਉਹ ਜੁਗਤ ਅਪਣਾਈ ਤਾਂ ਪਤੀ ਦਾ ਮੇਲ ਹੋ ਗਿਆ ਅਤੇ ਇਸ ਦੀ ਖੁਸ਼ੀ ਦਾ ਪ੍ਰਗਟਾਵਾ ਉਸ ਵਿਲਕਦੀ ਪਤਨੀ ਨੇ ਇਉਂ ਕੀਤਾ ;

ਮੋਹਨ ਰੂਪੁ ਦਿਖਾਵੈ, ਅਬ ਮੋਹਿ ਨੀਂਦ ਸੁਹਾਵੈ
ਸਭ ਮੇਰੀ ਤਿਖਾ ਬੁਝਾਨੀ ਅਬ ਮੈ ਸਹਜਿ ਸਮਨੀ
ਮੀਠੀ ਪਿਰਹਿ ਕਹਾਨੀ ਮੋਹਨੁ ਲਾਲਨੁ ਪਾਇਓ ਰੀ 830

ਗੁਰੂਬਾਣੀ ਅੰਦਰ ਇਸ ( ਪਤੀ ਪਤਨੀ ) ਅਲੰਕਾਰ ਨੂੰ ਵਾਰ ਵਾਰ ਵਰਤ ਕੇ ਮਨੁਖ ਮਾਤਰ ਦੇ ਹਿਰਦੇ ਅੰਦਰ ਪ੍ਰਭੂ ਪਿਆਰ ਦੀ ਲਾਗ ਲਾਈ ਅਤੇ ਇਸ ਪਿਆਰ ਨੂੰ ਉਤੇਜਤ ਕੀਤਾ ਹੈ ਜਿਵੇਂ

ਧਨ ਏਕਲੜੀ ਬਿਨੁ ਨਾਹ ਪਿਆਰੇ 244
ਮੋਹਨ ਘਰਿ ਆਵਹੁ ਕਰਉ ਜੋਦਰੀਆਂ
ਮਾਨੁ ਕਰਉ ਅਭਮਾਨੈ ਬੋਲਉ,
ਭੂਲ ਚੂਕ ਤੇਰੀ ਪ੍ਰਿਆ ਚਿਰੀਆ । 209

'ਮਿਲੁ ਮੇਰੇ ਪ੍ਰੀਤਮ ਜੀਉ ਤੁਧ ਬਿਨ ਖਰੀ ਨਿਮਾਣੀ
ਮੈ ਨੈਣੀ ਨੀਂਦ ਨ ਆਵੈ ਜੀਉ ਭਾਵੈ ਅੰਨੁ ਨ ਪਾਣੀ 244
ਹਉ ਖੜੀ ਨਿਹਾਲੀ ਪੰਧੁ ਮਤੁ ਮੂੰ ਸਜੱਣ ਆਵਏ 1221
ਕੋਈ ਆਨਿ ਮਿਲਾਵੈ ਅਜੁ ਮੈ ਪਿਰੁ ਮੇਲਿ ਮਿਲਾਵਏ
ਸਾਜਨ ਦੇਸਿ ਵਿਦੇਸੀਅੜੇ ਸਾਂਨੇਹੜੇ ਦੇਂਦੀ
ਸਾਰਿ ਸਮਾਲੇ ਤਿਨ ਸਜਣਾ ਮੁੰਧ ਨੈਣ ਭਰੇਂਦੀ



Sri Satguru Jagjit Singh Ji eLibrary NamdhariElibrary@gmail.com

www.archive.org/details/namdhari

ਮੁੰਧ ਨੈਣ ਭਰੇਂਦੀ ਗੁਣ ਸਾਰੇਂਦੀ ਕਿਉਂ ਪ੍ਰਭ ਮਿਲਾ ਪਿਆਰੇ
ਮਾਰਗੁ ਪੰਥ ਨ ਜਾਣਉ ਬਿਖੜਾ ਕਿਉਂ ਪਾਈਐ ਪਿਰ ਪਾਰੇ

ਇਸੇ ਪ੍ਰਸੰਗ ਵਿਚ ਲੇਖ ਦੇ ਅਰੰਭ ਵਿਚ ਦਿਤਾ ਸ਼ਬਦ' ਸੁਣ ਨਾਹ ਪ੍ਰਭ ਜੀਉ ਏਕਲੜੀ ਬਨ ਮਾਹਿ' ਉਚਾਰਨ ਹੋਇਆ ਹੈ। ਇਸ ਵਿਚ ਪ੍ਰਭੂ ਪਤੀ ਦੀ ਵਿਯੋਗਨ ਇਕ ਇਕਲੜੀ ਘੋਰ ਬੀਆ ਬਾਨ ਅੰਦਰ ਪਤੀ ਦੀ ਟੋਲ ਕਰਦੀ ਕੁਰਲਾਉਂਦੀ ਤੇ ਵਾਸਤੇ ਪਾਉਂਦੀ ਹੋਈ ਕਹਿੰਦੀ ਹੈ ਸੁਣ ਮੇਰੇ ਪ੍ਰਭੂ ਪਤੀ ਜੀਉ ਤੇਰੇ ਪਿਆਰ ਅੰਦਰ ਮੈਨੂੰ ਤੜਪਦੀ ਨੂੰ ਘਣੀਆਂ ਰਾਤਾਂ ਬੀਤ ਗਈਆਂ ਹਨ ਹੁਣ ਤਾਂ ਮੇਰੀ ਨੀਂਦ ਵੀ ਹਰਾਮ ਹੋ ਗਈ ਹੈ ਤੇਰੇ ਬਗੈਰ ਮੈਂ ਕਿਵੇਂ ਰਹਿ ਸਕਦੀ ਹਾਂ ਅਤੇ ਮੇਰਾ ਹਿਰਦਾ ਕਿਵੇਂ ਧੀਰਜ ਫੜ ਸਕਦਾ ਹੈ ਤੂੰ ਏਡਾ ਬੇਪਰਵਾਹ ਮਉਲਾ ਹੈਂ ਤੈਨੂੰ ਕਿਸੇ ਦੀ ਕਾਣ ਨਹੀਂ ਪਰ ਮੇਰਾ ਤੇਰੇ ਬਿਨਾਂ ਝਟ ਨਹੀਂ ਪੈ ਸਕਦਾ, ਤੇਰੇ ਬਿਨਾਂ ਕੌਣ ਹੈ ਜੋ ਮੇਰੀ ਸਾਰ ਲਵੇ. ਹੁਣ ਤੇਰੀ ਭਾਲ ਅੰਦਰ ਮੈਂ ਇਕ ਇਕਲੜੀ ਇਸ ਵਿਸ਼ਾਲ ਸੰਸਾਰ ਬੀਆਬਾਨ ਅੰਦਰ ਕੁਰਲਾਉਂਦੀ ਤੇ ਵਾਸਤੇ ਪਾਉਂਦੀ ਫਿਰਦੀ ਹਾਂ, ਜਿਵੇਂ ਵੀ ਹੁੰਦਾ ਹੈ ਮੇਰੀ ਬਾਹੁੜੀ ਕਰ ।

ਇਹ ਸਾਰੇ ਅਲੰਕਾਰ ਵਰਨਣ ਹਨ ਉਸ ਪ੍ਰਭੂ ਪਿਆਰ ਦੇ ਜਿਸ ਅੰਦਰ ਰੰਗਿਆ ਪ੍ਰਭੂ ਭਗਤ ਉਸ ਦੇ ਪਿਆਰ ਵਿਚ ਬਿਹਬਲ ਹੋਇਆ ਆਪਣੀ ਦਸ਼ਾ ਇਉਂ ਦਸਦਾ ਹੈ ;

ਭਉ ਤੇਰਾ ਭਾਂਗ ਖਲੜੀ ਮੇਰਾ ਚੀਤ



Sri Satguru Jagjit Singh Ji eLibrary NamdhariElibrary@gmail.com

ਮੈ ਦੇਵਾਨਾ ਭਇਆ ਅਤੀਤ
ਕਰ ਕਾਸਾ ਦਰਸ਼ਨ ਕੀ ਭੂਖ
ਮੈ ਦਰ ਮਾਗਉ ਨੀਤਾ ਨੀਤ
ਤਉ ਦਰਸ਼ਨ ਕੀ ਕਰਉ ਸਮਾਇ
ਮੈ ਦਰਿ ਮਾਂਗਤ ਭੀਖਿਆ ਪਾਇ

ਗੁਰੂ ਨਾਨਕ ਦੇਵ ਜੀ ਆਪਣੀ ਪ੍ਰਭੂ ਪਿਆਰ ਦੀ ਖ਼ਿਹਬਲਤਾ ਇਉਂ ਵੀ ਦਰਸਾਉਂਦੇ ਹਨ ;

ਕੋਈ ਆਖੈ ਭੂਤਨਾ ਕੋ ਕਹੇ ਬੇਤਾਲਾ
ਕੋਈ ਆਮ ਆਦਮੀ ਨਾਨਕ ਵੇਚਾਰਾ
ਭਇਆ ਦੇਵਾਨਾ ਸਾਹ ਕਾ ਨਾਨਕ ਬਉਰਾਨਾ ।

ਸ਼ੇਖ ਫਰੀਦ ਜੀ ਨੇ ਆਪਣੇ ਪ੍ਰਭੂ ਪਿਆਰ ਨੂੰ ਇਉਂ ਗਾਇਆ ਸੀ ;

ਤਪਤਪ ਲੋਹਿ ਲੋਹਿ ਹਾਥ ਮਰੋਰਉ' ਬਾਵਲ ਹੋਈਸ ਸਹੁ ਲੋਰਉ

ਉਹ ਆਪਣੇ ਮਨ ਦੀ ਅਜੇਹੀ ਦਸ਼ਾ ਅੰਦਰ ਵਾਰ ਵਾਰ ਕੂਕਦੀ ਕੋਇਲ ਨੂੰ ਪੁਛਦੇ ਹਨ. 'ਕਾਲੀ ਕੋਇਲ ਤੂ ਕਿਤ ਗੁਣ ਕਾਲੀ' ਅਤੇ ਉਸ ਦਾ ਜਵਾਬ ਇਉਂ ਦਸਦੇ ਹਨ। 'ਆਪਣੇ ਪ੍ਰੀਤਮ ਕੇ ਹਉ ਬਿਰਹਜਾਲੀ' ਅਰਥਾਤ ਮੈਂ ਆਪਣੇ ਪਿਆਰੇ ਦੀ ਯਾਦ ਅੰਦਰ ਸੁਖ ਸੁਖ ਕਾਲੀ ਹੋ ਗਈ ਹਾਂ ਇਉਂ ਹੀ ਗੁਰਬਾਣੀ ਅੰਦਰ ਪ੍ਰਭੂ ਪਿਆਰ ਦੇ ਪ੍ਰੇਮੀਆਂ ਨੂੰ ਨਿਗੁਣੇ ਜਹੇ ਜੀਵਾਂ ਦੇ ਸੁਭਾਵਕ ਵਿਹਾਰ ਨਾਲ ਤੁਲਨਾ ਦੇਂਦੇ ਹੋਇ ਦਸਿਆ ਹੈ ਕਿ ਜਿਵੇਂ ਮਛੀ ਦੀ ਜਿੰਦ ਜਾਨ



Sri Satguru Jagjit Singh Ji eLibrary NamdhariElibrary@gmail.com

www.archive.org/details/namdhari

ਪਾਣੀ ਹੈ ਜਿਸ ਤੋਂ ਵਿਛੜ ਕੇ ਉਹ ਤੜਫ ੨ ਮਰ ਜਾਂਦੀ ਹੈ ਜਿਵੇਂ ਲਖ ਪਾਣੀ ਹੁੰਦਿਆਂ ਵੀ ਚਾਤਰਕ ਦੀ ਤ੍ਰਿਪਤੀ ਸ੍ਵਾਤੀ ਬੂੰਦ ਬਿਨਾ ਨਹੀਂ ਹੁੰਦੀ ਜਿਵੇਂ ਘੰਡੇ ਹੇੜੇ ਰਾਗ ਦਾ ਵਿੰਨਿਆ ਹੋਇਆ ਹਿਰਣ ਇਸ ਗਲ ਦੀ ਪਰਵਾਹ ਨ ਕਰਦਾ ਹੋਇਆ ਕਿ ਉਹ ਫੜਿਆ ਜਾਵੇਗਾ ਜਿਸ ਤਰਫੋਂ ਸੁਰੀਲੀ ਸਰੋਦ ਕੰਨੀ ਪੈ ਰਹੀ ਹੁੰਦੀ ਹੈ ਉਧਰ ਨੂੰ ਨਸਦਾ ਹੈ ਜਾਂ ਜਿਵੇਂ ਫੁੱਲ ਦੀ ਸੁਗੰਧੀ ਦੀ ਮਸਤੀ ਵਿਚ ਭਉਰਾ ਉਸ ਦੀਆਂ ਪੰਖੜੀਆਂ ਵਿਚ ਘੁਟਿਆ ਜਾ ਕੇ ਜਾਨ ਗਵਾ ਲੈਂਦਾ ਹੈ ਇਉਂ ਪ੍ਰਭੂ ਪਿਆਰਿਆਂ ਦੀ ਉਸ ਦੇ ਦਰਸ਼ਨ ਬਿਨਾ ਤ੍ਰਿਪਤੀ ਨਹੀਂ ਹੁੰਦੀ :

ਜਿਉਂ ਮਛਲੀ ਬਿਨ ਪਾਣੀਐ ਕਿਉਂ ਜੀਵਨ ਪਾਵੈ
ਬੂੰਦ ਵਿਹੂਣਾ ਚਾਤ੍ਰਕੋ ਕਿਉਂ ਕਰਿ ਤ੍ਰਿਪਤਾਵੈ
ਨਾਦ ਕੁਰੰਕੈ ਬੇਧਿਆ ਸਨਮੁਖ ਉਠਿ ਧਾਵੈ
ਭਵਰ ਲੋਭੀ ਕੁਸਮ ਬਾਸ ਦਾ ਮਿਲਿ ਆਪ ਬੰਧਾਵੈ
ਤਿਉਂ ਸੰਤ ਜਨਾ ਹਰਿ ਪ੍ਰੀਤ ਹੈ ਦੇਖਿ ਦਰਸ ਅਘਾਵੈ

ਪ੍ਰੰਤੂ ਉਸ ਹਰੀ ਪ੍ਰੀਤਮ ਜਿਸ ਦੇ ਦਰਸ਼ਨ ਬਿਨਾਂ ਸੰਤ ਜਨਾਂ ਨੂੰ ਰੱਜ (ਤ੍ਰਿਪਤੀ ਨਹੀਂ ਹੁੰਦੀ ਦਾ ਤਾਂ ਕੋਈ ਆਕਾਰ [ਸਰੀਰ) ਨਹੀਂ ਉਸ ਨੂੰ ਨਿਰੰਕਾਰ (ਨਿਰਆਕਾਰ) ਕਿਹਾ ਜਾਂਦਾ ਹੈ ਤਾਂ ਉਸ ਦੇ ਦਰਸ਼ਨ ਦਾ ਕੀ ਭਾਵ ਹੋਇਆ ਅਤੇ ਉਸ ਨੂੰ ਜੰਗਲਾਂ ਬੀਆਬਾਨਾਂ ਅੰਦਰ 'ਏਕਲੜੀ ਬਨ ਮਾਹਿ ਟੋਲਦੇ' ਫਿਰਨ ਦੇ ਕੀ ਅਰਥ ਹੋਏ। ਸ਼ੇਖ ਫਰੀਦ ਜੀ ਵੀ ਜੰਗਲਾਂ ਬੀਆਬਾਨਾਂ ਅੰਦਰ ਆਪਣੇ ਪਿਆਰੇ ਨੂੰ ਟੋਲਦੇ



Sri Satguru Jagjit Singh Ji eLibrary NamdhariElibrary@gmail.com

ਫਿਰੇ ਜਦੋਂ ਉਨਾਂ ਨੂੰ ਸਮਝ ਆਈ ਤਾ ਉਨ੍ਹਾਂ ਕਿਹਾ ਹੈ ਕਿ 'ਜੰਗਲ ਜੰਗਲ ਕਿਆ ਭਵਹਿ ਵਣ ਕੰਡਾ ਮੋੜੇਹੇ

ਵਸੀ ਰਬ ਹਿਆਲੀਐ ਜੰਗਲਿ ਕਿਆ ਢੂੰਢ ਹੇ

ਅਜੇਹੀ ਗੱਲ ਹੀ ਉਸ ਨਾਰ ਨਾਲ ਹੋਈ ਜੋ 'ਸੁਣ ਨਾਹ ਪ੍ਰਭੂ ਜੀਉ ਏਕਲੜੀ ਬਨ ਮਾਹਿ' ਦੇ ਵਾਸਤੇ ਪਾ ਰਹੀ ਸੀ। ਉਸ ਵਿਲਕਦੀ ਤੇ ਤੜਪਦੀ ਨਾਰ ਦੇ ਕੰਨੀ ਆਵਾਜ਼ ਪੈਂਦੀ ਹੈ।

'ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣ'

'ਮਨ ਹਰਿ ਜੀ ਤੇਰੇ ਨਾਲਿ ਹੈ'

ਸੋ ਉਸ ਨੇ ਅਤਿ ਅਚੰਭਤ ਹੋ ਏਧਰ ਉਧਰ ਤਕਨਾ ਸ਼ੁਰੂ ਕੀਤਾ।

ਅਤੇ 'ਹਰਿ ਜੀ ਤੇਰੇ ਨਾਲ ਹੈ' ਨੇ ਵਧੇਰੇ ਪਰੇਸ਼ਾਨ ਕੀਤਾ। ਇਸ ਨੂੰ ਸੁਝਦਾ ਨਹੀਂ ਕਿ ਉਸ ਹਰੀ ਜੀ ਦੀ ਟੋਲ ਕਿਥੇ ਕਰੇ। ਜੇ ਉਹ ਨਾਲ ਹੈ ਤਾਂ ਦਿਸਦਾ ਕਿਉਂ ਨਹੀਂ। ਤਾਂ ਤੀਜਾ ਬੋਲ ਇਉਂ ਹੋਇਆ।

ਜਾ ਜਾਪੈ ਕਿਛੁ ਕਿਥਾਊਂ ਨਾਹੀ
ਤਹ ਕਰਤਾ ਭਰਪੂਰਿ ਸਮਾਹੀ 1070

ਨਾਰ, ਜੋ ਪ੍ਰਾਣ ਪਿਆਰੇ ਦੇ ਵਿਯੋਗ ਵਿਚ ਬਿਹਬਲ ਹੋ ਚੁਕੀ ਸੀ, ਦੇ ਕੰਨੀ ਪਈ ਅਕਾਸ਼ਬਾਣੀ ਨੇ ਉਸ ਨੂੰ ਤਿੰਨ ਗਲਾਂ ਨਿਸਚੇ ਕਰਾਇਆਂ।



Sri Satguru Jagjit Singh Ji eLibrary NamdhariElibrary@gmail.com

www.archive.org/details/namdhari

ਪਹਿਲੀ ਕਿ ਤੂੰ ਇਸ ਸੰਸਾਰ ਰੂਪੀ ਵਿਸ਼ਾਲ ਬੀਆਬਾਨ ਅੰਦਰ ਜਿਸ ਸਰੀਰ ਕਰਕੇ ਆਪਣੇ ਨਾਹ (ਪਤੀ) ਤੋਂ ਵਿਛੜੀ ਪਰਤੀਤ ਕਰਦੀ ਹੈਂ ਤੂੰ ਇਹ ਸਰੀਰ ਨਹੀਂ ਬਲਕਿ ਤੂੰ ਜੋਤਿ ਹੈ।

ਦੂਜੀ ਕਿ ਤੇਰੀ ਇਹ ਜੋਤਿ ਜਿਸ ਦੀ ਮਹਾਨ ਜੋਤਿ ਦਾ ਤੂੰ ਨੰਨ੍ਹਾ ਜੇਤਾ ਅੰਸ਼ ਹੈਂ ਉਹ ਜਤਿ ਸਦਾ ਤੇਰੇ ਨਾਲ ਹੈ।

ਤੀਜੀ ਕਿ ਜਿਹੜੀ ਜੋਤਿ ਦਾ ਤੂੰ ਅੰਸ਼ ਹੈਂ ਅਤੇ ਜੋ ਹਮੇਸ਼ਾਂ ਤਰੇ ਨਾਲ ਰਹਿੰਦੀ ਹੈ ਉਹ ਸਾਰੀ ਰਚਨਾ ਅੰਦਰ ਭਰਪੂਰ ਤੇ ਇਕ ਸਾਰ ਰਮੀ ਹੋਈ ਹੈ।

ਤਾਂ ਜੇ ਤੇਰੇ ਅੰਦਰ ਦੀ. ਤੇਰੇ ਨਾਲ ਵਿਚਰਦੀ ਅਤੇ ਸਮੁਚੀ ਰਚ.ਾ ਅੰਦਰ ਰਮੀ ਇਕੋ ਇਕ ਜੋਤਿ ਹੈ ਤਾਂ ਵਿਛੋੜਾ ਕਿਸ ਤੋਂ ਅਤੇ ਮੇਲ ਕਿਸ ਨਾਲ ਇਹ ਤਾਂ ਕੇਵਲ ਆਪਨਾ ਅਸਲਾ ਪਛਾਣ ਲੈਣ ਦੀ ਗੱਲ ਹੈ (ਅਪਣਾ ਮੂਲੁ ਪਛਾਣੁ) ਜੇ ਤੂੰ ਇਹ ਨਿਸਚੇ ਕਰ ਲਵੇ ਕਿ

ਸਰਬ ਜੋਤਿ ਤੇਰੀ ਪਸਰ ਰਹੀ ।

ਜਹ ਜਹ ਦੇਖਾ ਤਹ ਨਰਹਰੀ

ਤਾਂ ਆਂਪਣਾ ਕੌਣ ਤੇ ਪਰਾਇਆ ਕੌਣ, ਸਜਣ ਕੌਣ ਤੇ ਦੁਸ਼ਮਣ ਕੌਣ ਸਭ ਏਕੋ ਹੈ ਭਾਈ ਏਕੋ ਹੈ। ਪਰ ਉ੍ਹ ਜੋ ਸਾਡੇ ਨਾਲ ਹੈ ਅਤੇ ਸਭ ਥਾਈਂ ਹੈ ਉਹ ਦਿਸਦਾ ਕਿਉਂ ਨਹੀਂ। ਇਸ ਦਾ ਜਵਾਬ ਗੁਰਬਾਣੀ ਵਿਚੋਂ ਇਉਂ ਵੀ ਲਭਦਾ ਹੈ।



Sri Satguru Jagjit Singh Ji eLibrary NamdhariElibrary@gmail.com

'ਲੋਇਣ ਲੋਈ ਡਿਠ ਪਿਆਸ ਨ ਬੁਝੈ ਮੂ ਘਣੀ
ਨਾਨਕ ਸੇ ਅਖੜੀਆਂ ਬਿਅੰਨ ਜਿਨੀ ਡਿਸੰਦੋ ਮਾ ਪਿਰੀ

ਓਹ ਅਖੀਆਂ ਹੋਰ ਹਨ ਜਿਨ੍ਹਾਂ ਨਾਲ ਉਸ ਪਿਰ ਦੇ ਦਰਸ਼ਨ ਹੁੰਦੇ ਹਨ; ਸਾਡੀਆਂ ਸਰੀਰਕ ਅਖਾਂ ਸਰੀਰਕ ਹੋਂਦ ਨੂੰ ਹੀ ਵੇਖ ਸਕਦੀਆਂ ਹਨ। ਨਿਰੰਕਾਰ ਦਾ ਕੋਈ ਸ਼ਰੀਰ ਨਹੀਂ । ਦੁਨੀਆ ਵਿਚ ਸਾਰੇ ਸਰੀਰ ਭਾਵੇਂ ਇਹ ਮਨੁਖ ਦਾ ਹੈ, ਪਸ਼ੂ ਪੰਛੀ ਬਨਾਸਪਤੀ ਜਾਂ ਜਲ ਜੀਵ ਦਾ ਹੈ, ਸਾਰੇ ਪੰਜ ਤਤ ਹਵਾ ਪਾਨੀ ਅਗਨੀ ਆਦ ਤੋਂ ਬਣਦੇ ਹਨ ਜੋ ਤਤ ਸਰੀਰ ਬਿਨਸ਼ਨ ਨਾਲ ਆਪੋ ਆਪਣੇ ਤਤ ਅੰਦਰ ਸਮਾ ਜਾਂਦੇ ਹਨ । ਪ੍ਰੰਤੂ ਨਿਰੰਕਾਰ 'ਅਭੰਗੀ ਬਿਭੂਤੇ' ਹੈ ਅਥਵਾ ਉਸ ਦੀ ਵਿਭੂਤੀ ਜਾਂ ਤਤ ਨਾਸ਼ ਰਹਿਤ ਹਨ ਇਸ ਲਈ ਇਸ ਦੀ ਹੋਂਦ ਤ੍ਰੈਕਾਲੀ (ਭੂਤ ਭਵਿਖ ਵਰਤਮਾਨ) ਰਹਿਣ ਵਾਲੀ ਹੈ ਅਤੇ ਇਹ ਜਨਮ ਮਰਣ ਵਿਚ ਨਹੀਂ ਨਾ ਉਸ ਦੇ ਕੋਈ ਮਾਤਾ ਪਿਤਾ ਹਨ ।

'ਤਾਤ ਮਾਤ ਨ ਜਾਤਿ ਜ ਕਰ ਜਨਮ ਮਰਣ ਬਿਹੀਨ'

ਤਾਂ ਅਜੇਹੇ ਨਿਰੰਕਾਰ ਨੂੰ ਜਾਣਿਆ ਕਿਵੇਂ ਜਾਵੇ, ਉਸ ਦੀ ਸੂਝ ਕਿਵੇਂ ਪਵੇ ?

ਗੁਰਬਾਣੀ ਉਸ ਦਾ 'ਗੁਣ ਨਿਧਾਨ' ਹੋਣਾ ਨਿਸਚੇ ਕਰਾਉਂਦੀ ਹੈ। ਉਹ ਗੁਣਾਂ ਦਾ ਭੰਡਾਰ ਹੈ ਜਾ ਗੁਣ ਸਰੂਪ ਹੈ (Quality Personified ) ਹੈ। ਉਸ ਦੇ ਸਾਰੇ ਗੁਣਾਂ ਦਾ ਵਰਨਣ ਮਨੁਖ ਦੀ ਸਮਰਥਾ ਤੋਂ ਬਾਹਰ ਹੈ ਉਸ ਵਲੋਂ



Sri Satguru Jagjit Singh Ji eLibrary NamdhariElibrary@gmail.com

ਕੀਤੇ ਜਾਂਦੇ ਕਰਮਾਂ ਨੂੰ ਵੇਖ ਕੇ ਉਸ ਦੇ ਨਾਮ ਧਰੇ ਗਏ ਹੋਏ ਹਨ ।

'ਤਵ ਸਰਬ ਨਾਮ ਕਥੇ ਕਵਨ ਕਰਮ ਨਾਮ ਬਰਣਤ ਸੁਮੱਤ

ਭਾਵੇਂ ਜਾਪ ਸਹਿਬ ਅੰਦਰ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਉਸ ਦੇ ਕਿਤਨੇ ਹੀ ਕਰਮ ਨਾਮ ਕਥੇ ਹਨ । ਪਰ ਫਿਰ ਵੀ :

'ਤਵ ਸਰਬ ਨਾਮ ਕਥੇ ਕਵਨ'

ਹੀ ਕਿਹਾ ਹੈ । ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ ;

'ਤੇਰੇ ਕਵਨ ਕਵਨ ਗੁਣ ਕਹਿ ਕਹਿ ਗਾਵਾ,
ਤੂੰ ਸਾਹਿਬ ਗੁਣੀ ਨਿਧਾਨਾ'

ਗੁਰਮਤਿ ਅਨੁਸਾਰ ਐਸੇ 'ਸਾਹਿਬੁ ਗੁਣੀ ਨਿਧਾਨਾ' ਦੇ ਗੁਣ ਗਾਉਣਾ ਅਤੇ ਉਨ੍ਹਾਂ ਦਾ ਵਿਚਾਰ ਕਰਨਾ ਹੀ ਉਸ ਦੇ ਦਰ ਤੇ ਪ੍ਰਵਾਨ ਪੈਣ ਅਤੇ ਉਹ ਦਾ ਪਿਆਰ ਜਿਤਣ ਦਾ ਇਕੋ ਇਕ ਸਾਧਨ ਹੈ । ਜਪੁਜੀ ਸਾਹਿਬ ਅੰਦਰ ਗੁਰੂ ਨਾਨਕ ਦੇਵ ਜੀ ਦੋ ਪ੍ਰਸ਼ਨ ਕਰਦੇ ਹਨ ।

ਫੇਰ ਕਿ ਅਗੈ ਰਖੀਐ ਜਿਤ ਦਿਸਹਿ ਦਰਬਾਰ

ਮੁਹੌ ਕਿ ਬੋਲਣ ਬੋਲੀਐ ਜਿਤ ਸੁਣਿ ਧਰੈ ਪਿਆਰ'

ਅਤੇ ਇਸੇ ਇਸ਼ਾਰੇ ਦਾ ਉਤਰ ਭੀ ਉਨ੍ਹਾਂ ਨਾਲ ਹੀ ਦੇ ਦਿਤਾ ਹੈ ।



Sri Satguru Jagjit Singh Ji eLibrary NamdhariElibrary@gmail.com

'ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰ'

ਅਤੇ 'ਗਾਵੀਐ ਸੁਣੀਐ ਮਨਿ ਰਖੀਐ ਭਾਉ

ਉਸ ਨੂੰ ਗਾਵੀਏ ਮਨ ਅੰਦਰ ਭਾਉ (ਪਿਆਰ) ਰਖ ਕੇ ਪਿਆਰ ਹਮੇਸ਼ਾਂ ਦੋਵੱਲਾ ਹੁੰਦਾ ਹੈ – ਕਿਸੇ ਦਾ ਪਿਆਰ ਲੈਣ ਲਈ ਪਹਿਲਾਂ ਪਿਆਰ ਦੇਣਾ ਬਣਦਾ ਹੈ, ਜਿਸ ਨੂੰ ਅਸੀਂ ਚਾਹੁੰਦੇ ਹੋਈਏ ਕਿ ਉਹ ਸਾਡੇ ਨਾਲ ਪਿਆਰ ਕਰੇ ਤਾਂ ਜ਼ਰੂਰੀ ਹੈ ਕਿ ਅਸੀਂ ਉਸ ਨਾਲ ਪਿਆਰ ਕਰੀਏ ਸਾਡੇ ਪਿਆਰ ਦੀ ਖਿਚ ਉਸ ਨੂੰ ਸਾਡੇ ਨੇੜ ਲਿਆਵੇਗੀ ਅਤੇ ਜਿੰਨਾ ਅਧਿਕ ਸਾਡਾ ਪਿਆਰ ਹੋਵੇਗਾ ਉਤਨੀ ਵਧੇਰੀ ਖਿਚ ਸਾਡੇ ਲਈ ਉਸ ਦੇ ਮਨ ਵਿਚ ਹੋਵੇਗੀ।

ਇਹੋ ਅਸੂਲ ਪ੍ਰਭੂ ਪਿਆਰ ਅੰਦਰ ਲਾਗੂ ਹੁੰਦਾ ਹੈ ਪ੍ਰਭੂ ਨਾਲ ਕੀਤੇ ਸਾਡੇ ਪਿਆਰ ਦੇ ਅਨਕੂਲ ਹੀ ਉਸਦਾ ਮੋੜਵਾਂ ਪਿਆਰ ਹੋਵੇਗਾ।

ਪਿਆਰ ਦੀ ਦੁਨੀਆਂ ਅੰਦਰ ਕਿਸੇ ਤਰਾਂ ਦੇ ਭਰਮ ਜਾਂ ਸ਼ੰਕੇ ਦੀ ਕੋਈ ਥਾਂ ਨਹੀਂ ਹੁੰਦੀ। ਪਿਆਰਾ ਜੋ ਵੀ ਕਰੇ ਉਸ ਨੂੰ ਭਲਾ ਕਰ ਜਾਨਣਾ ਹੀ ਉਸ ਦਾ ਪਿਆਰਾ ਲੈਣ ਦੀ ਇਕੋ ਇਕ ਜੁਗਤ ਹੈ ਜਿਸ ਦੇ ਲਈ ਆਪਾ ਮਾਰਨਾ ਪੈਂਦਾ ਹੈ. ਸ੍ਰੀ ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਹੈ।

'ਜੋ ਕਿਛੁ ਕਰੇ ਸੁ ਭਲਾ ਕਰ ਮਾਨੀਐ
ਹਿਕਮਤ ਹੁਕਮ ਚੁਕਾਈਐ'



Sri Satguru Jagjit Singh Ji eLibrary NamdhariElibrary@gmail.com

ਅਤੇ ਆਪ ਗਵਾਈਐ ਤਾਂ ਸਹੁ ਪਾਈਐ,

ਅਵਰ ਕੈਸੀ ਚਤਰਾਈ'

ਇਸ ਦੇ ਲਈ 'ਭਲਾ ਜੀ, ਅਤੇ ਭੁੱਲਾ ਜੀ ਵਾਲੀ ਬਿਰਤ ਬਨਾਉਣੀ ਅਥਵਾ ਪਿਆਰ ਦੀ ਹਰ ਗੱਲ ਨੂੰ ਭਲਾ ਜੀ ਕਹਿ ਕੇ ਸਵੀਕਾਰ ਕਰਨਾ ਅਤੇ ਜੇ ਪਿਆਰ ਦੇ ਅਤੇ ਆਪਣੇ ਵਿਚਾਰਾਂ ਵਿਚ ਕੋਈ ਅੰਤਰ ਹੈ ਤਾਂ ਪਿਆਰੇ ਨੂੰ ਦੋਸ਼ ਨਹੀਂ ਦੇਣਾ ਬਲਕਿ ਆਪਣੇ ਦੋਸ਼ ਮੰਨਦੇ ਹੋਏ ਭੱਲਾ ਜੀ ਕਹਿਣਾ ਦੀ ਵਾਦੀ ਪਾਉਣੀ ਇਸ ਨੂੰ ਕਹਿੰਦੇ ਹਨ। 'ਆਪ ਗਵਾਉਣਾ ਜਾਂ ਆਪਾ ਮਾਰਨਾ—ਇਹ ਆਪਾ ਕੀ ਹੈ ? ਇਹ ਹੈ ਮਨੁਖ ਦਾ ਆਪਣਾ ਮਨ—ਅਤੇ ਮਨ ਮਾਰਨ ਦਾ ਭਾਵ ਹੈ ਆਪਣੇ ਮਨ ਉਪਰ ਵਸੀਕਾਰ (control) 'ਮਨ ਜੀਤੈ' ਗੁਰਬਾਣੀ ਫੁਰਮਾਉਂਦੀ ਹੈ ਮਨ ਜਿਤ ਲਿਆ ਤਾ ਜਗ ਜਿਤ ਲਿਆ

'ਮਨ ਜੀਤੇ ਜਗ ਜੀਤ'

ਸੋ ਪਿਆਰ ਦੀ ਦੁਨੀਆਂ ਵਿਚ ਪਿਆਰੇ ਦੇ ਸਨਮੁਖ 'ਭਲਾ ਜੀ' ਤੇ 'ਭੁੱਲਾ ਜੀ' ਦੀ ਪਕਾਈ ਮੁਹਾਰਨੀ ਹੀ ਪਿਆਰੇ ਦਾ ਪਿਆਰ ਜਿਤ ਲੈਣ ਦਾ ਸਾਧਨ ਹੈ।

ਪਰ 'ਭਲਾ ਜੀ' ਅਤੇ ਦਾ ਭੁੱਲਾ ਜੀ' ਵਾਲੀ ਬਿਰਤੀ ਬਨਾਉਣ ਲਈ

'ਹਮ ਨਹੀਂ ਚੰਗੇ ਬੁਰਾ ਨਹੀਂ ਕੋਇ

ਅਤੇ 'ਹਮ ਕਿਛੁ ਨਾਹੀ ਏਕੈ ਓਹੀ

ਅਗੈ ਪਾਛੈ ਏਕੋ ਸੋਈ'



Sri Satguru Jagjit Singh Ji eLibrary NamdhariElibrary@gmail.com

ਦਾ ਸਬਕ ਪਕਾਉਣਾ ਪੈਂਦਾ ਹੈ ਜੋ ਕੇਵਲ ਨਿਮਰਤਾ ਧਾਰਨ ਨਾਲ ਹੀ ਪਕਦਾ ਹੈ। ਗੁਰੂ ਨਾਨਕ ਦੇਵ ਜੀ ਨੇ ਨੀਵਾਂ ਹੋ ਵਿਚਰਨ ਨੂੰ 'ਗੁਣ ਚੰਗਿਆਈਆਂ ਤਤ' ਅਥਵਾ ਸਾਰੀਆਂ ਚੰਗਿਆਈਆਂ ਦਾ ਨਿਚੋੜ (esence) ਦਸਿਆ ਹੈ ਅਤੇ ਗੁਰੂ ਅਰਜਨ ਦੇਵ ਜੀ ਨੇ ਸਨਿਮਰ ਹੋ ਵਰਤਨ ਜਾਂ ਮਨ ਦੀ ਗਰੀਬੀ ਜਿਸ ਨੂੰ ਧਾਰ ਕੇ ਸਭ ਕਿਸੇ ਦੀ ਚਰਣ ਧੂੜ ਹੋ ਵਿਚਰਿਆ ਜਾਂਦਾ ਹੈ ਨੂੰ ਹੀ ਅਜੇਹਾ ਸ਼ਸਤਰ ਮਨਿਆ ਹੈ ਜਿਸ ਦੇ ਸਾਹਮਣੇ ਮੰਦਾ ਚਿਤਵਨ ਵਾਲਾ ਕੋਈ ਮਨੁਖ ਨਹੀਂ ਠਹਿਰ ਸਕਦਾ। ਆਪ ਦਾ ਫੁਰਮਾਨ ਇਉਂ ਹੈ

'ਗਰੀਬੀ ਗਦਾ ਹਮਾਰੀ, ਖੰਨਾ ਸਗਲ ਰੇਨ ਛਾਰੀ
ਤਿਸ ਆਗੇ ਕੋ ਨ ਟਿਕੈ ਵੇਕਾਰੀ'

ਗੁਰਮਤਿ ਅੰਦਰ ਅਜੇਹੀ ਬਿਰਤੀ ਬਣਾ ਲੈਣ ਨੂੰ ਜੀਵਤ ਮਰਨਾ ਅਥਵਾ ਜੀਊਂਦੇ ਹੀ ਮੋਇਆਂ ਸਮਾਨ ਹੋ ਜਾਣਾ ਕਿਹਾ ਹੈ। ਗੁਰੂ ਅਰਜਨ ਦੇਵ ਜੀ ਨੇ ਸੂਹੀ ਰਾਗ ਦੇ ਇਕ ਸ਼ਬਦ ਅੰਦਰ ਜੀਊਂਦੇ ਮਰਣ ਦੀ ਜੁਗਤੀ ਇਉਂ ਵੀ ਸਮਝਾਈ ਹੈ.

ਆਪੁ ਤਿਆਗਿ ਹੋਇਐ ਸਭ. ਰੇਣਾ
ਜੀਵਤਿਆਂ ਇਉ ਮਰੀਐ ਸੂਹੀ ਮ; ੫ 720

ਇਕ ਹੋਰ ਸ਼ਬਦ ਅੰਦਰ ਗੁਰੂ ਨਾਨਕ ਦੇਵ ਜੀ ਸੰਸਾਰ ਸਾਗਰ ਨੂੰ ਤਰ ਨਿਕਲਨਾ ਅਥਵਾ ਸੰਸਾਰ ਤੋਂ ਪੂਰੇ ਤੌਰ ਪਤ



Sri Satguru Jagjit Singh Ji eLibrary NamdhariElibrary@gmail.com

ਅਬਰੋਅ ਨਾਲ ਜਾਣਾ ਉ ਨੇ ਤਕ ਸੰਭਵ ਨਹੀਂ ਸਮਝਦੇ ਕਦੋਂ ਤਾਈਂ ਮਨੁਖ ਜੀਂਉਂਦੇ ਮਰਨ ਦੇ ਵਿਸ਼ਵਾਸ਼ ਨੂੰ ਦ੍ਰਿੜ ਨਹੀਂ ਕਰਦਾ।

'ਕਿਨ ਬਿਧਿ ਸਾਗਰ ਤਰੀਐ—ਜੀਵਤਿਆ ਨਹਿ ਮਰੀਐ'

ਅਤੇ ਸ਼ਬਦ ਦੇ ਅੰਤ ਵਿਚ 'ਆਸਾ ਭੀਤਰਿ ਰਹੈ ਨਿਰਾਸਾ' ਦਾ ਰਸਤਾ ਦਸਦੇ ਹੋਇ ਫੁਰਮਾਉਂਦੇ ਹਨ।

'ਇਨ ਬਿਧਿ ਸਾਗਰ ਤਰੀਐ—ਜੀਵਤਿਆਂ ਇਉਂ ਮਰੀਐ

ਪ੍ਰੰਤੂ 'ਆਸਾ ਭੀਤਰਿ ਰਹੈ ਨਿਰਾਸਾ' ਦੀ ਜੁਗਤ ਵਡੀ ਨਿਆਰੀ ਹੈ ਅਤੇ ਕਠਨ ਘਾਲਣਾ ਮੰਗਦੀ ਹੈ। ਮਨੁਖ ਆਸ ਦੇ ਸਿਰ ਤੇ ਜ਼ੀਉਂਦਾ ਹੈ। ਉਸ ਵਲੋਂ ਕੀਤਾ ਜਾਂਦਾ ਹਰ ਕੰਮ ਇਸ ਵਿਚ ਸਫਲ ਹੋਣ ਦੀ ਆਸ ਧਾਰ ਕੇ ਹੀ ਹੁੰਦਾ ਹੈ ਮਜ਼ਦੂਰ ਮਜ਼ਦੂਰੀ ਮਿਲਣ ਦੀ ਆਸ ਰਖਦਾ ਹੈ, ਕਿਸਾਨ ਅਨਾਜ ਦੇ ਭੰਡਾਰ ਭਰਨ ਦੀ. ਪਾਂਧੀ ਨੂੰ ਕਿਸੇ ਟਿਕਾਣੇ ਪੁਜਣ ਦੀ, ਪੜ੍ਹਨ ਵਾਲਾ ਬੱਚਾ ਇਮਤਿਹਾਨ ਵਿਚ ਪਾਸ ਹੋਣ ਦੀ, ਵਪਾਰੀ ਲਾਭ ਖੱਟਣ ਦੀ, ਰੋਗੀ ਰੋਗ ਦੇ ਨਿਵਿਰਤ ਹੋ ਜਾਣ ਦੀ—ਗੱਲ ਕੀ, ਹਰ ਕਿਸੇ ਨੂੰ ਕੋਈ ਆਸ ਹੁੰਦੀ ਤਾਂ ਹੀ ਉਹ ਕੁਝ ਕਰਦਾ ਹੈ। ਭਾਵੇਂ ਇਹ ਜ਼ਰੂਰੀ ਨਹੀਂ ਹੁੰਦਾ ਕਿ ਆਸ ਪੂਰੀ ਹੋ ਜਾਵੇ ਪਰ ਫਿਰ ਵੀ ਉਹ ਇਸ ਦੇ ਪੂਰੇ ਹੋਣ ਦੀ ਆਸ ਜ਼ਰੂਰ ਰਖਦਾ ਹੁੰਦਾ ਹੈ ਤਾਂ ਹੀ ਉਹ ਆਪਣਾ ਵਿਹਾਰ ਕਰਦਾ ਹੈ ਅਤੇ ਜੋ ਉਸ ਦੀ ਆਸ ਪੂਰੀ ਨਹੀਂ ਹੁੰਦੀ ਤਾ ਉਹ ਇਸ ਦਾ ਦੁਖ ਮਨਾਉਂਦਾ



Sri Satguru Jagjit Singh Ji eLibrary NamdhariElibrary@gmail.com

ਹੈ। ਪਰ ਸਤਿਗੁਰੂ ਪਾਤਸ਼ਾਹ ਤਾਂ ਫੁਰਮਾਉਂਦੇ ਹਨ ;

'ਦੁਖ ਸੁਖ ਦੋਨੋਂ ਸਮ ਕਰਿਜਾਨੈ ਅਓਰ ਮਨ ਅਪਮਾਨਾ
ਹਰਖ ਸੋਗ ਤੇ ਰਹਿ ਨਿਆਰੋ ਤਿਨ ਜਗ-ਤਨ ਪਛਾਨਾ'

ਦੁਖ ਤੇ ਸੁਖ ਅਤੇ ਗਮੀ ਖੁਸ਼ੀ ਨੂੰ ਸਮਾਨ ਮੰਨ ਲੈਣ ਦੀ ਅਵਸਥਾ ਅਤਿ ਕਠਨ ਹੈ ਪਰ ਕਿਸੇ ਗੱਲ ਦਾ ਵਾਰ ਵਾਰ ਕੀਤਾ ਅਭਿਆਸ ਕਠਨ ਨੂੰ ਸਹਿਲ ਬਣਾਦਿਆ ਕਰਦਾ ਹੈ। ਜਿਸ ਗੱਲ ਦਾ ਅਸੀਂ ਨਿਤਾਪ੍ਰਤ ਅਭਿਆਸ ਕਰਨਾ ਸ਼ੁਰੂ ਕਰ ਦੇਈਏ. ਸਮਾਂ ਪਾ ਕੇ ਉਹ ਸਾਡਾ ਸੁਭਾਉ ਬਣ ਜਾਂਦੀ ਹੈ ਅਤੇ ਫਿਰ ਸਾਂਡੇ ਪਾਸੋਂ ਅਜੇਹਾ ਸਹਿਜੇ ਹੀ ਹੋਣ ਲਗ ਜਾਂਦਾ ਹੇ।

ਇਸ ਕਿਸਮ ਦਾ ਸੁਭਾਉ ਬਣਾ ਲੈਣ ਦਾ ਸੋਖਾ ਢੰਗ ਵੀ ਗੁਰੂ ਜੀ ਇਉਂ ਸਮਝਾਉਂਦੇ ਹਨ।

'ਜੋ ਅਨਰੂਪਿਓ ਠਾਕੁਰਿ ਮੇਰੇ ਹੋਇ ਰਹੀ ਉਹ ਬਾਤ

ਅਥਵਾ ਜਿਸ ਗੱਲ ਦਾ ਹੋਣਾ ਬਿਧਾਤੇ ਨੇ ਸਾਡੇ ਲਈ ਪਹਿਲੋਂ ਤੋਂ ਅੰਕਤ ਕਰ ਰਖਿਆ ਹੋਇਆ ਹੈ (ਜਿਸ ਨੂੰ ਭਾਗ ਕਹਿੰਦੇ ਹੈ) ਉਹ ਕਦੀ ਟਲ ਨਹੀਂ ਸਕਦੀ, ਉਸ ਨੇ ਵਾਪਰਨਾ ਹੀ ਵਾਪਰਨਾ ਹੁੰਦਾ ਹੈ ਜੇ ਅਸੀਂ ਉਸ ਤੇ ਰੋਵਾਂ ਪਿਟਾਂਗੇ ਤਾਂ ਵੀ ਉਸਨੇ ਹੋ ਜਾਣਾ ਹੈ। ਕਬੀਰ ਜੀ ਦਾ ਬਚਨ ਹੈ ;



Sri Satguru Jagjit Singh Ji eLibrary NamdhariElibrary@gmail.com

ਸੰਪੇ ਦੇਖਿ ਨ ਹਰਖੀਐ ਬਿਪਤ ਦੇਖਿ ਨ ਰੋਇ
ਜਿਉ ਸੰਪੈ ਤਿਉ ਬਿਪਤਿ ਹੈ ਬਿਧਨੇ ਰਚਿਆ ਸੋ ਹੋਇ 337

ਜੇ ਇਸ ਗੱਲ ਦੀ ਸਾਨੂੰ ਦ੍ਰਿੜਤਾ ਹੋ ਜਾਵੇ ਅਤੇ ਅਸੀਂ ਮੰਨ ਲਈਏ ਕਿ ਸਾਡਾ ਰੋਣਾ ਕੁਝ ਸਵਾਰ ਨਹੀ ਸਕਦਾ (ਭਾਵੇਂ ਕਿਸੇ ਬਿਪਤਾ ਤੋਂ ਬਚਣ ਲਈ ਜਤਨ ਕਰਨਾ ਜਾਇਜ਼ ਹੈ ਅਤੇ ਜ਼ਰੂਰੀ ਭੀ ਹੈ) ਪ੍ਰੰਤੂ ਕੀਤੇ ਜਤਨ ਸਫਲ ਜਾਂ ਅਸਫਲ ਹੋਵੇ ਸਾਡੇ ਵਸ ਦੀ ਗੱਲ ਨਹੀ। ਇਹ ਕਰਤਾ ਪੁਰਖ ਦੀ ਖੇਡ ਹੈ। ਪਰ ਸੋਚਣ ਵਾਲੀ ਗੱਲ ਇਹ ਹੈ ਕਿ ਜੇ ਅਸੀਂ ਸਫਲ ਨਹੀਂ ਹੋਏ ਤਾਂ ਕੀ ਕਰਤਾ ਪੁਰਖ ਨੇ ਸਾਡੇ ਨਾਲ ਅਨਿਆਏ ਜਾਂ ਧੱਕਾ ਕੀਤਾ ਹੈ ? ਇਸ ਦਾ ਜਵਾਬ ਗੁਰੂ ਜੀ ਇਉਂ ਦੇਂਦੇ ਹਨ :

ਜੋ ਮੈਂ ਕੀਆ ਸੋ ਮੈਂ ਪਾਇਆ.
ਦੋਸ ਨ ਦੀਜੈ ਅਵਰ ਜਨਾ'

ਅਤੇ 'ਪਿਰ ਦੋਸ ਨਾਹੀ ਸੁਖਹ ਦਾਤੇ.
ਹਉ ਵਿਛੜੀ ਬੁਰਿਆਰੇ'

ਸਾਡੇ ਨਾਲ ਜੋ ਵਾਪਰਿਆ ਜਾਂ ਵਾਪਰਦਾ ਹੈ ਉਹ ਸਾਡੇ ਹੀ ਕਿਸੇ ਪਹਿਲੋਂ ਕੀਤੇ ਕੰਮ ਜਿਸ ਦੀ ਸਾਨੂੰ ਯਾਦ ਨਹੀਂ) ਦਾ ਨਤੀਜਾ ਹੈ ;

'ਜੈਸਾ ਬੀਜੈ ਸੋ ਲੁਣੈ'

ਕਿਉਂਕਿ ਇਹ ਦੁਨੀਆਂ 'ਕਰਮਾ ਸੰਦੜਾ ਖੇਤ' ਹੈ ਜੈਸਾ ਕੰਮ



Sri Satguru Jagjit Singh Ji eLibrary NamdhariElibrary@gmail.com

ਕਿਸੇ ਕੀਤਾ ਹੋਇਆ ਹੈ ਉਸ ਦਾ ਫਲ ਉਸ ਨੂੰ ਮਿਲਣਾ ਹੈ। ਇਸ ਦਾ ਦੋਸ਼ ਕਰਤਾ ਪੁਰਖ ਨੂੰ ਦੇਣਾ ਨਹੀਂ ਬਣਦਾ ਕਿਉਂਕਿ ਆਪਣੀ ਜ਼ਾਤ ਵਿਚ ਓਹ ਨਿਰਵੈਰ ਹੈ ਓਸ ਦਾ ਕਿਸੇ ਨਾਲ ਵੈਰ ਨਹੀਂ। ਵੈਰ ਹਮੇਸ਼ਾ ਬਰਾਬਰ ਦੇ ਪ੍ਰਾਣੀ ਨਾਲ ਹੁੰਦਾ ਹੈ ਜਦੋਂ ਓਸ ਦੇ ਬਰਾਬਰ ਦਾ ਕੋਈ ਹੈ ਨਹੀਂ।

ਫਿਰ ਉਸ ਨੂੰ ਅਸੀਂ ਮਾਤਾ ਪਿਤਾ ਦਾ ਥਾਂ ਦੇਂਦੇ ਹਾਂ
'ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ'

ਕੋਈ ਮਾਂ ਜਾ ਪਿਓ ਆਪਣੇ ਪੁਤਰਾਂ ਦਾ ਬੁਰਾ ਨਹੀਂ ਮੰਨਿਆ ਕਰਦਾ ਤਾਂ ਕਰਤ ਪੁਰਖ ਜਿਸ ਬਾਰੇ ਕਿਹਾ ਹੈ

'ਤੇਰ ਘਰਿ ਸਦਾ ਸਦਾ ਹੈ ਨਿਆਉ'

ਆਪਣੇ ਪੁੱਤਰ ਦਾ ਬੁਰਾ ਕਿਵੇਂ ਕਰ ਸਕਦਾ ਹੈ।

'ਅਸਾਂ ਆਸਾ ਭੀਤਰਿ ਰਹੇ ਨਿਰਾਸ'

ਬਾਰੇ ਵਿਚਾਰ ਕਰ ਰਹੇ ਸੀ ਉਕਤ ਸਾਰੇ ਕਥਨ ਦਾ ਭਾਵ ਇਹੋ ਪਰਤੀਤ ਹੁੰਦਾ ਹੈ ਕਿ ਜਿਸ ਗੱਲ ਦੀ ਪ੍ਰਾਪਤੀ ਦੀ ਅਸੀਂ ਆਸ ਲਾਉਂਦੇ ਹਾਂ ਉਸ ਦੇ ਲਈ ਸਾਨੂੰ ਹਰ ਸੁਚੱਜਾ ਜਤਨ ਮਨ ਤਨ ਲਗਾ ਕੇ ਕਰਨਾ ਚਾਹੀਦਾ ਹੈ ਪ੍ਰੰਤੂ ਜੇ ਐਸਾ ਕੁਝ ਕਰਕੇ ਵੀ ਸਾਡੀ ਆਸ ਪੂਰੀ ਨਹੀਂ ਹੋਈ ਤਾਂ ਉਸ ਤੇ ਰੋਸ ਕਰਨਾ ਜਾਂ ਉਸ ਦਾ ਦੁਖ ਮਨਾਉਣਾ ਵਾਜਬ ਨਹੀਂ ਸਗੋਂ ਇਹੋ ਸਮਝਣਾ ਚਾਹੀਦਾ ਹੈ ਕਿ ਸਾਡੇ ਜਤਨ ਵਿਚ ਕੋਈ ਕਮੀ ਰਹਿ ਗਈ ਹੈ ਜਿਸ ਲਈ ਅਸੀਂ ਸਫਲ



Sri Satguru Jagjit Singh Ji eLibrary NamdhariElibrary@gmail.com

ਨਹੀਂ ਹੋਇ ਜਾਂ ਕਿਸੇ ਅਣਪਛਾਤੇ ਸਾਡੀ ਮੰਦੇ ਕੰਮ ਦਾ ਨਤੀਜਾ ਹੀ ਸਾਡੀ ਅਸਫਲਤਾ ਹੈ।

ਇਸ ਬਾਰੇ ਇਕ ਹੋਰ ਯਾਦ ਰੱਖਣ ਵਾਲੀ ਗੱਲ ਇਸ ਗੁਰ ਫੁਰਮਾਨ ਦੀ ਹੈ ਕਿ

'ਜਬ ਆਸਾ ਅੰਦੇਸਾ ਤਬ ਹੀ'

ਅਥਵਾ ਹਰ ਆਸਾ ਦੇ ਨਾਲ ਇਸ ਦੇ ਸਫਲ ਹੋਣ ਦਾ ਫਿਕਰ (ਡਰ) ਭੀ ਹੁੰਦਾ ਹੈ। ਇਸ ਲਈ ਆਸ ਰਖਦੇ ਹੋਇ ਵੀ ਉਸ ਦੇ ਅਸਫਲ ਹੋ ਜਾਣ ਦੀ ਨਿਰਾਸਤਾ ਨੂੰ ਭੁਲਣਾ ਨਹੀਂ ਚਾਹੀਦਾ--ਇਹੋ ਭਾਵ ਹੈ ਗੁਰੂ ਜੀ ਦੇ 'ਆਸਾ ਭਤਿਰਿ ਰਹੇ ਨਿਰਾਸਾ' ਦਾ ਅਜੇਹੀ ਹਾਲਤ ਵਿਚ ਵਾਹਿਗੁਰੂ ਦੇ ਅਬਦਲ ਅਤੇ ਸਦਾ ਸਤਿ ਬੰਧਾਨ (ਨਿਯਮਾਂ) ਤੇ ਕਿਤੂ ਕਰਨਾ ਜਾਂ ਇਸ ਦੇ ਵਰਤਣ ਤੇ ਰੋਣਾ ਤੇ ਦੁਖ ਮਨਾਓਣਾ ਯੋਗ ਨਹੀਂ ਉਸ ਦਾ ਹਰ ਫੈਹਲ ਤਥਾ ਵਰਤਿਆ ਹੁਕਮ ਲਿਆਇ ਭਰਪੂਰ ਹੁੰਦਾ ਹੈ ਇਸ ਨੂੰ ਖਿੜੇ ਮਥੇ ਮੰਨਣ ਵਾਲਾ ਸੁਭਾਓ ਬਨਾਓਣਾ ਚਾਹੀਦਾ ਹੈ ਇਹੋ ਅਰਥ ਹੀ। 'ਜੋ ਤੂੰ ਕਰਹਿ ਕਰਾਵਹਿ ਸੁਆਮੀ ਸਾ ਮਸਲਤ ਪਰਵਾਣ' ਅਤੇ 'ਹੁਕਮਿ ਰਜਾਈ ਚਲਨਾ' ਦਾ ਹੈ।

ਜਿਸ ਕਿਸੇ ਦਾ ਵਿਸ਼ਵਾਸ਼ ਰਜ਼ਾ ਵਿਚ ਰਾਜ਼ੀ ਰਹਿਣਾ ਅਥਵਾ ਜੋ ਵਾਹਿਗੁਰੂ ਵਲੋਂ ਵਰਤਦਾ ਹੈ ਓਹੋ ਹੀ ਭਲਾ ਹੈ ਵਾਲਾ ਬਣ ਜਾਵੇ ਅਤੇ ਜਿਸ ਨੂੰ ਇਹ ਨਿਸਚਾ ਹੋ ਜਾਵੇ ਕਿ :



Sri Satguru Jagjit Singh Ji eLibrary NamdhariElibrary@gmail.com

## 'ਜੋ ਕਿਛੁ ਅਹੇ ਸਭ ਤੇਰੀ ਰਜਾਇ'

ਓਸ੍ਹਾਂ ਨੇ ਦੁਖ ਸੁਖ ਮੇਲ ਵਿਛੜਾ ਨਹੀਂ ਪੋਹਦੇ 'ਘਰ ਬਾਹਰ ਤੇਰਾ ਭਰਵਾਸਾ ਤੂੰ ਜਨ ਕੇ ਹੈਂ ਸੰਗਿ' ਦੀ ਅਵਸਥਾ ਬਣ ਜਾਂਦੀ ਹੈ ਬਲਕਿ ਉਨਾਂ ਦਾ ਇਹ ਵਿਸਵਾਸ਼ 'ਤੂੰ ਜਨ ਕੇ ਹੈ ਸੰਗਿ' ਏਨਾ ਦ੍ਰਿੜ ਹੋ ਜਾਦਾ ਹੈ ਕਿ ਉਹ ਆਪਣੇ ਆਪ ਨੂੰ ਹਮੇਸ਼ਾਂ ਪ੍ਰਭੂ ਪਤੀ ਦੀ ਹਜੂਰੀ ਵਿਚ ਦੇਖਦੇ ਹਨ ਅਤੇ ਉਨਾਂ ਨੂੰ ਫਿਰ 'ਆਗੇ ਪਾਛੇ ਏਕੋ ਸੋਈ' ਵਾਸਤਵ ਵਿਚ ਪਰਤੀਪ ਹੁੰਦਾ ਹੈ ਅਤੇ ਉਨਾਂ ਉਪਰ 'ਏਕ ਲੜੀ ਬਨ ਮਾਹੇ' ਵਾਲੀ ਅਵਸਥਾ ਫਿਰ ਆਉਦੀ ਹੀ ਨਹੀ ਅਤੇ ਅਤੇ ਓਹ ਫਿਰ ਸਦਾ ਗਾਉਂਦੀਆਂ ਹਨ :

ਮੋਹਨ ਰੂਪ ਦਿਖਾਵੇ—ਅਬ ਮੁਹਿ ਨੀਂਦ ਸੁਹਾਵੇ
ਸਭ ਮੇਰੀ ਤਿਖਾ ਬੁਝਾਨੀ ਅਬ ਮੈ ਸ਼ਹਜਿ ਸਮਾਨੀ
ਮੀਠੀ ਪਿਰਹਿ ਕਹਾਨੀ—ਮੋਹਨੁ ਲਾਲਨੁ ਪਾਇਓ ਰੀ

ਨੋਟ—ਇਸ ਲੇਖ 'ਏਕਲੜੀ ਬਨ ਮਾਹਿ'
ਦਾ ਉਤਰ ਸੰਖੇਪ ਸ਼ਬਦਾਂ ਵਿਚ ਇਸ ਲੇਖ ਦੇ ਦੂਜੇ ਭਾਗ
'ਮਨ ਹਰਿ ਜੀ ਤੇਰੇ ਨਾਲ ਹੈ ਅੰਦਰ ਵੇਖੋ



Sri Satguru Jagjit Singh Ji eLibrary NamdhariElibrary@gmail.com

# ਗੁਰ ਪ੍ਰਣਾਲੀ

| ਨਾਮ | ਪ੍ਰਕਾਸ਼ ਮਿਤੀ ਸਨ ਈਸਵੀ | ਜੋਤੀ ਜੋਤਿ ਸਮਾਉਣ ਮਿਤੀ | ਬਾਣੀ ਰਚਨਾ |
|---|---|---|---|
| ਗੁਰੂ ਨਾਨਕ ਦੇਵ ਜੀ | 20-10-1469 ਕਤਕ ਪੂਰਨਮਾਸ਼ੀ | 22-9 1539 | ਜਪੁ, ਸੋਦਰ, ਸਿਧ ਗੋਸ਼ਟ ਰਾਮਕਲੀ ਦਖਣੀ ਓਅੰਕਾਰ ਆਸਾ ਮਾਝ ਤੇ ਮਲ੍ਹਾਰ ਵਾਰਾਂ ਪਟੀ, ਬਾਰਾ ਮਾਹ 947 ਸ਼ਬਦ |
| ਗੁਰੂ ਅੰਗਦ ਦੇਵ ਜੀ | 31-3-1504 | 1-4-1552 | 63 ਸਲੋਕ 10 ਵਾਰਾਂ ਵਿਚ |
| ਗੁਰੂ ਅਮਰ ਦਾਸ ਜੀ | 5-5-1479 | 1-9-1574 | ਅਨੰਦ ਸਾਹਿਬ ਅਤੇ 869 ਸ਼ਬਦ ਛੰਤ ਸਲੋਕ |
| ਗੁਰੂ ਰਾਮ ਦਾਸ ਜੀ | 24-9-1534 | 2-9-1581 | 638 ਸ਼ਬਦ ਛੰਦ ਸਲੋਕ |
| ਗੁਰੂ ਅਰਜਨ ਦੇਵ ਜੀ | 15-4-1563 | 30-5-1606 | ਗਾਉੜੀ ਸੁਖਮਨੀ ਬਾਰਾ ਮਾਹ ਮਾਝ ਬਾਵਨ ਅਖਰੀ ਅਤੇ 2312 ਸ਼ਬਦ |
| ਗੁਰੂ ਹਰਿ ਗੋਬਿੰਦ ਜੀ | 14-6-1595 | 3-3-1644 | ...... |
| ਗੁਰੂ ਹਰਿ ਰਾਇ ਜੀ | 16-1-1630 | 6-10-1661 | .. ... |
| ਗੁਰੂ ਹਰਿ ਕ੍ਰਿਸ਼ਨ ਜੀ | 7-7-1656 | 30-3-1664 | ...... |
| ਗੁਰੂ ਤੇਗ ਬਹਾਦਰ ਜੀ | 1-4-16 1 | 11-11-1675 | 116 ਸ਼ਬਦ ਸਲੋਕ |
| ਗੁਰੂ ਗੋਬਿੰਦ ਸਿੰਘ ਜੀ | 22-12-1666 | 7-10-1708 | ਜਾਪੁ, ਅਕਾਲ ਉਸਤਤਿ ਚੌਪਈ ਬਚਿਤ੍ਰ ਨਾਟਕ ਸਵੈਯੇ ਸ਼ਬਦ ਹਜ਼ਾਰੇ ਜ਼ਫਰ ਨਾਮਾ |
| ਗੁਰੂ ਗ੍ਰੰਥ ਸਾਹਿਬ | 16-8-1604 | ਜੁਗੋ ਜੁਗ ਅਟੱਲ | 5867 ਸ਼ਬਦ ਸਲੋਕ ਛੰਤ ਆਦਿ 1430 ਪੰਨੇ |

## ਟਰੈਕਟ ਨੰਬਰ ਤ੍ਰੇਈ ਲਈ ਸਹਾਇਕ

1 ਸ੍ਰੀ ਗੁਰੂ ਸਿੰਘ ਸਭਾ ਪਟਿਆਲਾ ।
2 ਸ੍ਰੀ ਗੁਰੂ ਸਿੰਘ ਸਭਾ ਪੀਰੂ ਮਨੂਰ ਕੋਚੀਨ ।
3 ਗੁਰਬਾਣੀ ਪ੍ਰਚਾਰ ਕੇਂਦਰ ਹੁਸ਼ਿਆਰਪੁਰ ।
4 ਸ੍ਰੀ ਗੁਰੂ ਕਲਗੀਧਰ ਸੇਵਕ ਸਭਾ ਬੀਕਾਨੇਰ ।
5 ਬਾਬਾ ਤੇਜਾ ਸਿੰਘ ਟ੍ਰਸਟ, ਵੈਸਟ ਪਟੇਲ ਨਗਰ, ਨਵੀਂ ਦਿੱਲੀ ।
6 ਸ. ਗੁਰਚਰਨ ਸਿੰਘ ਜਗਰਾਓਂ ।
7 ਸ. ਬਲਦੇਵ ਸਿੰਘ ਐਂਡ ਸੰਨਜ਼ ਜਗਰਾਓਂ ।
8 ਗਿਆਨੀ ਅਵਤਾਰ ਸਿੰਘ ਨੂਰਾਨੀ ਸੈਂਟ ਆਰਟ ਪ੍ਰੈਸ, ਜਗਰਾਓਂ ।
9 ਸ. ਸੁਰਜੀਤ ਸਿੰਘ, ਸੁਰਜੀਤ ਟੈਂਟ, ਨਵੀਂ ਬਸਤੀ, ਜਗਰਾਓਂ ।
10 ਸ. ਮਾਨ ਸਿੰਘ ਮੋਤੀ ਨਗਰ, ਨਵੀਂ ਦਿੱਲੀ ।
11 ਸ. ਇੰਦਰ ਸਿੰਘ, ਨਿਊ ਪ੍ਰੇਮ ਨਗਰ, ਲੁਧਿਆਣਾ ।
12 ਬੀਬੀ ਜਸਮੀਤ ਕੌਰ ਸੁਪਤਨੀ ਸ. ਬਚਨ ਸਿੰਘ ਵਿਨੀਪੈਗ, ਕੈਨੇਡਾ ।
13 ਸ. ਨਰਿੰਦਰਪਾਲ ਸਿੰਘ, ਨਿਰਮਾਣ ਵਿਹਾਰ ਨਵੀਂ ਦਿੱਲੀ।
14 ਸ. ਦਲਜੀਤ ਸਿੰਘ ਨਿ. ਸਤਪੁਰ, ਜ਼ਿਲਾ ਬਰਦਵਾਨ W.B.
15 ਸ. ਗੁਲਚਰਨ ਸਿੰਘ ਇੰਡੀਅਨ ਆਰਟੀਫੀਸ਼ਿਅਲਸ ਕੁਰਨੂਲ AP
16 ਕੈਪਟਨ ਹਰਗੋਬਿੰਦ ਸਿੰਘ ਗੋਬਿੰਦ ਨਗਰ, ਡੇਹਰਾਦੂਨ ।
17 ਸ. ਇੰਦਰਜੀਤ ਸਿੰਘ ਸਰਾਭਾ ਨਗਰ, ਲੁਧਿਆਣਾ ।
18 ਸ. ਜੋਗਿੰਦਰ ਸਿੰਘ ਬੂਟਾ ਸਿੰਘ ਵਾਲਾ, ਪਟਿਆਲਾ ।

1 ਨਾਨਕ ਨਿਰਮਲ ਪੰਥ ਚਲਾਇਆ ਮੁੱਖ 10 ਰੁਪਏ ਇਲਾਵਾ ਡਾਕ ਖਰਚ ।
2 ਵਰਿਆਮ ਇਕੇਲਾ...ਦੂਜੀ ਛਾਪ 15 ਰੁਪਏ ।
3 ਕਿਉਂ ਕੀਤ ਵੇਸਾਹੁ 1 ਰੁਪਏ ।
4 ਸਿੱਖ ਵੀਰਾਂ ਦੇ ਚਲੂਣਾ
5 ਸੂਬੇਦਾਰ ਕਰਤਾਰ ਸਿੰਘ ਝੱਬਰ 15 ਰੁਪਏ ।
6 ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ 1920-25 4 ਰੁਪਏ ।

ਮਿਸ਼ਨ ਦਾ ਸਾਲਾਨਾ ਚੰਦਾ 20/- ਇਕ ਵੇਰ ਜੀਵਨ ਪਰਯੰਤ ਚੰਦਾ 150/-
ਪਰਦੇਸਾਂ ਲਈ ਸਮੁੰਦਰੀ ਡਾਕ 300/- ਰੁਪੈ ਹਵਾਈ ਡਾਕ 500/- ਰੁਪਏ

ਪ੍ਰਕਾਸ਼ਕ ਪਹਿਲੀ ਵਾਰ ਛਾਪਕ
ਗੁਰੂ ਨਾਨਕ ਦੇਵ ਮਿਸ਼ਨ ਜੂਨ-1991 ਅਨਮੋਲ ਪ੍ਰਿੰਟਰਜ਼
ਪਟਿਆਲਾ ਪਟਿਆਲਾ-ਫੋਨ 70564

Sri Satguru Jagjit Singh Ji eLibrary NamdhariElibrary@gmail.com